# ਭਗਤ ਨਾਮਦੇਵ - ਸਬਦ ੪੫

## ਘਰ ਕੀ ਨਾਰਿ ਤਿਆਗੈ ਅੰਧਾ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੪

ਘਰ ਕੀ ਨਾਰਿ ਤਿਆਗੈ ਅੰਧਾ ॥
ਪਰ ਨਾਰੀ ਸਿਉ ਘਾਲੈ ਧੰਧਾ ॥
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥
ਅੰਤ ਕੀ ਬਾਰ ਮੂਆ ਲਪਟਾਨਾ ॥੧॥
ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥
ਹਰਿ ਕੀ ਭਗਤਿ ਨ ਦੇਖੈ ਜਾਇ ॥
ਮਾਰਗੁ ਛੋਡਿ ਅਮਾਰਗਿ ਪਾਇ ॥
ਮੂਲਹੁ ਭੂਲਾ ਆਵੈ ਜਾਇ ॥
ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥੨॥
ਜਿਉ ਬੇਸ੍ਵਾ ਕੇ ਪਰੈ ਅਖਾਰਾ ॥
ਕਾਪਰੁ ਪਹਿਰਿ ਕਰਹਿ ਸੀਗਾਰਾ ॥
ਪੂਰੇ ਤਾਲ ਨਿਹਾਲੇ ਸਾਸ ॥
ਵਾ ਕੇ ਗਲੇ ਜਮ ਕਾ ਹੈ ਫਾਸ ॥੩॥
ਜਾ ਕੇ ਮਸਤਕਿ ਲਿਖਿਓ ਕਰਮਾ ॥
ਸੋ ਭਜਿ ਪਰਿ ਹੈ ਗੁਰ ਕੀ ਸਰਨਾ ॥
ਕਹਤ ਨਾਮਦੇਉ ਇਹੁ ਬੀਚਾਰੁ ॥
ਇਨ ਬਿਧਿ ਸੰਤਹੁ ਉਤਰਹੁ ਪਾਰਿ ॥੪॥੨॥੮॥

ਸਾਰ: ਆਪਣੀ ਊਰਜਾ, ਧਿਆਨ ਅਤੇ ਸਮੁੱਚਾ ਜੀਵਨ ਅਜਿਹੀ ਦੌੜ ਵਿਚ ਖਚਿਤ ਕਰ ਦੇਣਾ, ਜੋ ਕਦੇ ਵੀ ਸਥਾਈ ਤ੍ਰਿਪਤੀ ਨਹੀਂ ਦੇ ਸਕਦੀ, ਇਹ ਖੇਡ ਅੰਤ ਦੁੱਖਾਂ ਨਾਲ ਸਾਡੀ ਝੋਲੀ ਭਰ ਦਿੰਦੀ ਹੈ। ਮਨ ਲਾਲਸਾ

ਅਤੇ ਮੋਹ ਦੇ ਅਜਿਹੇ ਚੱਕਰ ਵਿਚ ਫਸ ਜਾਂਦਾ ਹੈ, ਜਿਸ ਵਿਚ ਦੁਸ਼ਵਾਰ ਕਰਨ ਵਾਲੀਆਂ ਆਦਤਾਂ ਇਸ ਚੱਕਰ ਨੂੰ ਵਧੇਰੇ ਮਜ਼ਬੂਤ ਕਰਦੀਆਂ ਰਹਿੰਦੀਆਂ ਹਨ। ਹਰ ਇੱਛਾ ਤ੍ਰਿਪਤੀ ਦਾ ਭਰੋਸਾ ਤਾਂ ਦਿੰਦੀ ਹੈ, ਪਰ ਅਸਲ ਵਿਚ ਉਹ ਅਗਲੀ ਇੱਛਾ ਲਈ ਹੀ ਰਾਹ ਪੱਧਰਾ ਕਰਦੀ ਹੈ, ਜਿਸ ਕਾਰਨ ਅੰਤਰੀਵੀ ਖਾਲੀਪਣ ਦੀ ਭਾਵਨਾ ਲਗਾਤਾਰ ਬਣੀ ਰਹਿੰਦੀ ਹੈ। ਸਮੇਂ ਦੇ ਨਾਲ ਇਹ ਅੰਤਹੀਣ ਦੌੜ ਮਨੁੱਖ ਦੀ ਸਪਸ਼ਟਤਾ, ਅੰਤਰੀਵੀ ਆਜ਼ਾਦੀ ਅਤੇ ਮਨ ਦੀ ਸ਼ਾਂਤੀ ਨੂੰ ਖੋਹ ਲੈਂਦੀ ਹੈ। ਇਸ ਪਿਛੋਂ ਬਚਿਆ ਜੀਵਨ, ਉਦੇਸ਼ ਅਤੇ ਸੁਚੇਤਤਾ ਤੋਂ ਵਾਂਝਾ ਹੋ ਜਾਂਦਾ ਹੈ। ਇਸ ਚੱਕਰ ਵਿਚੋਂ ਮੁਕਤ ਹੋਣ ਲਈ ਸੂਝ ਭਰਪੂਰ ਆਤਮ-ਚਿੰਤਨ ਦੀ ਯਾਤਰਾ ਦੇ ਪਾਂਧੀ ਬਣਨਾ ਅਤਿ ਲਾਜ਼ਮੀ ਹੁੰਦਾ ਹੈ।

ਘਰ ਕੀ ਨਾਰਿ ਤਿਆਗੈ ਅੰਧਾ ॥

ਘਰ ਵਿਚ ਵੱਸਦੇ ਜੀਵਨ-ਸਾਥ ਦਾ ਤਿਆਗ ਉਨ੍ਹਾਂ ਦੁਆਰਾ ਕਰ ਦਿੱਤਾ ਜਾਂਦਾ ਹੈ ਜੋ ਲਾਚਾਰ ਹੁੰਦੇ ਹਨ। ਇਹ ਦ੍ਰਿਸ਼ਟਾਂਤ ਉਨ੍ਹਾਂ ਲਈ ਵਰਤਿਆ ਗਿਆ ਹੈ, ਜਿਨ੍ਹਾਂ ਵਿਚ ਬਿਬੇਕ ਦੀ ਘਾਟ ਹੁੰਦੀ ਹੈ; ਉਨ੍ਹਾਂ ਦੀ ਅੰਤਰ-ਆਤਮਾ ਆਪਣੀ ਸਹਿਜ ਸਿਆਣਪ ਤੋਂ ਮੂੰਹ ਮੋੜ ਲੈਂਦੀ ਹੈ ਅਤੇ ਅਗਿਆਨਤਾ ਦੇ ਕਾਰਨ ਭਰਮਾਂ ਦੇ ਜਾਲ ਵਿਚ ਫਸ ਜਾਂਦੀ ਹੈ।

ਪਰ ਨਾਰੀ ਸਿਉ ਘਾਲੈ ਧੰਧਾ ॥

ਪਰਾਈ ਇਸਤਰੀ ਨਾਲ ਸੰਬੰਧ ਜੋੜਨਾ। ਇਹ ਭਾਵ ਦਰਸਾਉਂਦਾ ਹੈ ਕਿ ਤ੍ਰਿਪਤੀ ਨੂੰ ਬਾਹਰੀ ਸਰੋਤਾਂ ਵਿਚ ਭਾਲਣ ਦੇ ਭਰਮ ਵਿਚ ਫਸ ਜਾਣਾ ਨਾਲ ਸਾਡੀ ਅੰਤਰੀਵੀ ਪ੍ਰਮਾਣਿਕਤਾ ਨਿਰਬਲ ਹੋ ਜਾਂਦੀ ਹੈ।

ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥

ਜਿਵੇਂ ਤੋਤਾ ਸਿੰਬਲ ਦੇ ਰੁੱਖ ਨੂੰ ਵੇਖ ਕੇ ਪ੍ਰਸੰਨ ਹੋ ਜਾਂਦਾ ਹੈ। ਫਿੱਕੇ ਪਰ ਲੁਭਾਉਣੇ ਫੁੱਲਾਂ ਵਾਲੇ ਇਸ ਰੁੱਖ ਦਾ ਇਹ ਹਵਾਲਾ ਸੰਭਾਵਨਾ ਦੇ ਭਰਮ ਨੂੰ ਦਰਸਾਉਂਦਾ ਹੈ; ਹਰ ਉਹ ਵਸਤ ਜੋ ਆਕਰਸ਼ਕ ਦਿਖਾਈ ਦਿੰਦੀ ਹੈ, ਲਾਜ਼ਮੀ ਨਹੀਂ ਕਿ ਅਸਲ ਵਿਚ ਮੁੱਲਵਾਨ ਹੋਵੇ।

ਅੰਤ ਕੀ ਬਾਰ ਮੂਆ ਲਪਟਾਨਾ ॥੧॥

ਆਖ਼ਿਰ ਵਿਚ ਉਹ ਇਸ ਤਰ੍ਹਾਂ ਫਸ ਜਾਂਦਾ ਹੈ ਜੋ ਉਸਦੇ ਅੰਤ ਦਾ ਕਾਰਣ ਬਣਦਾ ਹੈ। ਇਹ ਦ੍ਰਿਸ਼ਟਾਂਤ ਰੂਹਾਨੀ ਪਤਨ ਨੂੰ ਦਰਸਾਉਂਦਾ ਹੈ, ਜਿਸ ਵਿਚ ਮਨੁੱਖ ਧਨ-ਦੌਲਤ, ਰਿਸ਼ਤਿਆਂ, ਰੁਤਬਿਆਂ ਅਤੇ ਅਧੂਰੀਆਂ ਇੱਛਾਵਾਂ ਦਾ ਮੋਹ ਤਿਆਗ ਨਹੀਂ ਸਕਦਾ। (੧)

ਪਾਪੀ ਕਾ ਘਰੁ ਅਗਨੇ ਮਾਹਿ ॥

ਨਕਾਰਾਤਮਕ ਮਨੋਬਿਰਤੀ ਦਾ ਘਰ ਅੱਗਨੀ ਵਿਚ ਹੁੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਾਡਾ ਅੰਤਰੀਵੀ ਨਿਵਾਸ ਹੀ ਬਲਦੀਆਂ ਇੱਛਾਵਾਂ ਅਤੇ ਅਸੰਤੁਸ਼ਟੀ ਨਾਲ ਭਰਿਆ ਇਕ ਮਨੋਵਿਗਿਆਨਕ ਪਰਪੰਚ ਰਚ ਸਕਦਾ ਹੈ।

ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥

ਇਹ ਨਿਰੰਤਰ ਬਲਦੀ ਰਹਿੰਦੀ ਹੈ ਅਤੇ ਕਦੇ ਵੀ ਬੁਝਦੀ ਨਹੀਂ। ਇਹ ਭਾਵ ਅਸੰਤੁਸ਼ਟੀ ਅਤੇ ਇੱਛਾਵਾਂ ਦੀ ਉਸ ਸਦੀਵੀ ਅਵਸਥਾ ਦਾ ਪ੍ਰਤੀਕ ਹੈ, ਜੋ ਆਪੇ ਨੂੰ ਨਿਰੰਤਰ ਖਪਾਉਂਦੀ ਹੋਈ ਕਦੇ ਵੀ ਤ੍ਰਿਪਤੀ ਪ੍ਰਾਪਤ ਨਹੀਂ ਕਰਦੀ। (੧)(ਠਹਿਰਾਉ)

ਹਰਿ ਕੀ ਭਗਤਿ ਨ ਦੇਖੈ ਜਾਇ ॥

ਸਰਬ-ਵਿਆਪਕ ਚੇਤਨਾ ਦੀ ਕੀਤੀ ਜਾਂਦੀ ਭਗਤੀ ਦੀ ਨਾ ਤਾਂ ਕਦਰ ਕੀਤੀ ਜਾਂਦੀ ਹੈ ਅਤੇ ਨਾ ਹੀ ਉਸ ਦੀ ਸੂਝ ਪ੍ਰਾਪਤ ਹੁੰਦੀ ਹੈ। ਇਹ ਭਾਵ ਅਗਿਆਨਤਾ ਅਤੇ ਆਤਮ-ਚਿੰਤਨ ਦੇ ਗੁਆਚੇ ਹੋਏ ਅਵਸਰ ਨੂੰ ਦਰਸਾਉਂਦਾ ਹੈ, ਜੋ ਸਾਨੂੰ ਭਰਮਾਂ ਦੇ ਅਤੀਤ ਨੂੰ ਨਿਹਾਰਣ ਤੋਂ ਵਾਂਝਾ ਰੱਖਦਾ ਹੈ।

ਮਾਰਗੁ ਛੋਡਿ ਅਮਾਰਗਿ ਪਾਇ ॥

ਨੇਕ ਮਾਰਗ ਤੋਂ ਭਟਕਣ ਨਾਲ, ਇਹ ਦਿਸ਼ਾਹੀਣ ਹੋ ਜਾਂਦਾ ਹੈ। ਦਿਸ਼ਾਹੀਨਤਾ ਦਾ ਇਹ ਨੁਕਸਾਨ ਅੰਤਰੀਵੀ ਇਕਸੁਰਤਾ ਤੋਂ ਭਟਕਣ ਬਾਰੇ ਦਰਸਾਉਂਦਾ ਹੈ, ਜਿਸ ਨਾਲ ਜੀਵਨ ਬਿਨਾਂ ਉਦੇਸ਼ ਜਾਂ ਧਿਆਨਹੀਨ ਹੋ ਜਾਂਦਾ ਹੈ।

ਮੂਲਹੁ ਭੂਲਾ ਆਵੈ ਜਾਇ ॥

ਆਪਣੇ ਮੂਲ ਸਰੋਤ ਨੂੰ ਅਣਗੌਲਿਆ ਕਰਕੇ ਇਹ ਉੱਨਤੀ ਅਤੇ ਪਤਨ ਦੀ ਘੁੰਮਣਘੇਰੀ ਵਿਚ ਫਸ ਜਾਂਦਾ ਹੈ। ਇਹ ਵਰਤਾਰਾ ਦੁਹਰਾਵ ਦੀ ਉਸ ਕੜੀ ਨੂੰ ਦਰਸਾਉਂਦਾ ਹੈ ਜਿਸ ਕਾਰਣ ਮੂਲ ਕਾਰਣ ਬਾਰੇ ਚਿੰਤਨ ਨਹੀਂ ਕੀਤਾ ਜਾਂਦਾ।

ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥੨॥

ਇਹ ਅੰਮ੍ਰਿਤ ਨੂੰ ਡੋਲ੍ਹ, ਜ਼ਹਿਰ ਇਕੱਠਾ ਕਰ; ਉਸ ਨੂੰ ਪੀਂਦਾ ਹੈ। ਇਹ ਭਾਵ ਆਤਮ-ਵਿਨਾਸ਼ਕਾਰੀ ਰੁਝਾਨ ਨੂੰ ਦਰਸਾਉਂਦਾ ਹੈ, ਜਿਸ ਵਿਚ ਅਸੀਂ ਅਕਸਰ ਉਸ ਨੂੰ ਤਿਆਗ ਦਿੰਦੇ ਹਾਂ ਜੋ ਸਾਨੂੰ ਪਾਲਦਾ ਹੈ ਅਤੇ ਉਸ ਦੀ ਥਾਂ ਉਸ ਨੂੰ ਅਪਣਾ ਲੈਂਦਾ ਹੈ ਜੋ ਸਾਡੇ ਭਲੇ ਹਿੱਤ ਵਿਨਾਸ਼ਕਾਰੀ ਹੁੰਦਾ ਹੈ। (੨)

ਜਿਉ ਬੇਸ੍ਵਾ ਕੇ ਪਰੈ ਅਖਾਰਾ ॥

ਜਿਵੇਂ ਕਿਸੇ ਵੇਸਵਾ ਦਾ ਮੰਚ ਸਜਾਇਆ ਜਾਂਦਾ ਹੈ। ਇਹ ਭਾਵ ਦਿਖਾਵੇ ਵਾਲੇ ਜੀਵਨ ਨੂੰ ਦਰਸਾਉਂਦਾ ਹੈ, ਜਿਸ ਵਿਚ ਪਦਾਰਥਾਂ ਦੀ ਖਿੱਚ ਜੀਵਨ ਦੇ ਅਰਥਪੂਰਨ ਪੱਖਾਂ ਨੂੰ ਓਹਲੇ ਕਰ ਦਿੰਦੀ ਹੈ।

ਕਾਪਰੁ ਪਹਿਰਿ ਕਰਹਿ ਸਂੀਗਾਰਾ॥

ਕੱਪੜੇ ਧਾਰਨ ਕਰ, ਸ਼ਿੰਗਾਰ ਕਰ ਲਿਆ ਹੈ। ਇਹ ਭਾਵ ਬਾਹਰੀ ਦਿਖਾਵੇ ਨੂੰ ਸੰਵਾਰਨ ਦੇ ਉਸ ਰੁਝਾਨ ਨੂੰ ਦਰਸਾਉਂਦਾ ਹੈ, ਜੋ ਅਕਸਰ ਸਾਡੇ ਅੰਤਰੀਵੀ ਰੂਹਾਨੀ ਖਲਾਅ ਨੂੰ ਭਟਕਾਉਣ ਦਾ ਸਾਧਨ ਬਣ ਜਾਂਦਾ ਹੈ।

ਪੂਰੇ ਤਾਲ ਨਿਹਾਲੇ ਸਾਸ ॥

ਮਨੁੱਖ ਹਰ ਇਕ ਸਾਹ ਨੂੰ ਬੜੇ ਧਿਆਨ ਨਾਲ ਮਾਪਦਾ ਅਤੇ ਗਿਣਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸੰਪੂਰਨਤਾ ਦੀ ਲਾਲਸਾ ਮਨੁੱਖ ਨੂੰ ਮੋਹਿਤ ਕਰ ਸਕਦੀ ਹੈ, ਪਰ ਜੇ ਡਰ, ਲਾਲਸਾਵਾਂ ਅਤੇ ਹਉਮੈਂ ਹੀ ਅੰਤਹਕਰਣ ਉੱਤੇ ਹਾਵੀ ਰਹਿਣ, ਤਾਂ ਅਜਿਹੇ ਹੁਨਰ ਦਾ ਕੀ ਮੁੱਲ ਹੈ?

ਵਾ ਕੇ ਗਲੇ ਜਮ ਕਾ ਹੈ ਫਾਸ ॥੩॥

ਉਸ ਦੇ ਗਲ ਵਿਚ ਮੌਤ ਦੀ ਫਾਹੀ ਪਈ ਹੋਈ ਹੈ। ਇਹ ਭਾਵ ਦਰਸਾਉਂਦਾ ਹੈ ਕਿ ਇੰਦ੍ਰੀਆਵੀ-ਵਿਸ਼ਿਆਂ ਦੀ ਖਿੱਚ ਪਿੱਛੇ ਬੰਧਨ, ਦੁੱਖ ਅਤੇ ਪਤਨ ਦਾ ਅਟੱਲ ਜਾਲ ਲੁਕਿਆ ਹੋਇਆ ਹੈ। (੩)

ਜਾ ਕੇ ਮਸਤਕਿ ਲਿਖਿਓ ਕਰਮਾ ॥

ਜਿਨ੍ਹਾਂ ਦੇ ਮੱਥੇ ਉੱਤੇ ਨੇਕ ਕਰਮਾਂ ਦੇ ਲੇਖ ਲਿਖੇ ਹੋਏ ਹਨ। ਇਹ ਭਾਵ ਆਤਮ-ਚਿੰਤਨ ਦੇ ਉਸ ਯਤਨ ਨੂੰ ਦਰਸਾਉਂਦਾ ਹੈ, ਜੋ ਸੂਝ ਨੂੰ ਵਿਕਸਿਤ ਕਰਦਿਆਂ ਮਨੁੱਖ ਨੂੰ ਭਰਮ ਤੋਂ ਜਾਗਰੂਕਤਾ ਵੱਲ ਲੈ ਜਾਂਦਾ ਹੈ।

ਸੋ ਭਜਿ ਪਰਿ ਹੈ ਗੁਰ ਕੀ ਸਰਨਾ ॥

ਇਸ ਲਈ, ਤੁਰੰਤ ਚਿੰਤਨ ਕਰੋ ਅਤੇ ਬਿਬੇਕ ਦੇ ਸੂਝਮਈ ਪਵਿੱਤਰ ਸਥਾਨ ਵਿਚ ਨਿਵਾਸ ਕਰੋ। ਇਹ ਭਾਵ ਅੰਤਰੀਵੀ ਇਮਾਨਦਾਰੀ ਦੀ ਉਸ ਕਿਰਪਾ ਨੂੰ ਦਰਸਾਉਂਦਾ ਹੈ, ਜੋ ਉਲਝਣ ਨੂੰ ਦੂਰ ਕਰਦੀ ਹੈ ਅਤੇ ਅੰਤਰ-ਆਤਮਾ ਨੂੰ ਮੁੜ ਸਪਸ਼ਟਤਾ ਵੱਲ ਸੇਧਿਤ ਕਰਦੀ ਹੈ।

ਕਹਤ ਨਾਮਦੇਉ ਇਹੁ ਬੀਚਾਰੁ ॥

ਨਾਮਦੇਵ ਆਖਦੇ ਹਨ, ਇਹ ਮੇਰਾ ਵਿਚਾਰ ਭਰਪੂਰ ਚਿੰਤਨ ਹੈ। ਇਹ ਭਾਵ ਦਰਸਾਉਂਦਾ ਹੈ ਕਿ ਕੇਵਲ ਸਿਧਾਂਤ ਹੀ ਨਹੀਂ, ਸਗੋਂ ਜੀਵਨ ਦੇ ਅਨੁਭਵ ਵੀ ਅਸਲੀਅਤ ਬਾਰੇ ਭਰੋਸੇਯੋਗ ਸੂਝ ਪ੍ਰਦਾਨ ਕਰਦੇ ਹਨ।

ਇਨ ਬਿਧਿ ਸੰਤਹੁ ਉਤਰਹੁ ਪਾਰਿ ॥੪॥੨॥੮॥

ਇਸ ਤਰ੍ਹਾਂ ਰੂਹਾਨੀ ਸਾਧਕ ਹੋਂਦ ਦੇ ਸਮੁੰਦਰ ਨੂੰ ਪਾਰ ਕਰਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਜਾਗਰੂਕਤਾ ਅਤੇ ਇਕਸੁਰਤਾ ਵੱਲ ਮੁੜ, ਆਤਮ-ਚਿੰਤਨ ਸ਼ੰਕਿਆਂ ਅਤੇ ਅਸੁਰੱਖਿਆਵਾਂ ਤੋਂ ਉੱਪਰ ਉੱਠਣ ਵਿੱਚ ਸਹਾਇਤਾ ਕਰਦਾ ਹੈ। (੪)(੨)(੮)

ਤੱਤ: ਭਗਤ ਨਾਮਦੇਵ ਦਰਸਾਉਂਦੇ ਹਨ ਕਿ ਜਦੋਂ ਮਨ ਬਾਹਰੀ ਦਿਖਾਵੇ ਦੇ ਮੋਹ ਵਿਚ ਫਸ ਜਾਂਦਾ ਹੈ, ਤਾਂ ਉਹ ਕਿੰਨੀ ਸੌਖੀ ਤਰ੍ਹਾਂ ਆਪਣੀ ਅੰਤਰੀਵੀ ਸੂਝ ਗੁਆ ਬੈਠਦਾ ਹੈ। ਇਹ ਭਟਕਣਾਂ ਦਿਖਾਈ ਦੇਣ ਵਾਲੀ ਹਕੀਕਤ ਅਤੇ ਅਸਲ ਸੱਚ ਦੇ ਵਿਚਕਾਰ ਇਕ ਵਿੱਥ ਪੈਦਾ ਕਰ ਦਿੰਦੀ ਹੈ। ਇਸ ਭਾਵ ਨੂੰ ਸਪਸ਼ਟ ਕਰਨ ਲਈ ਉਹ ਸਿੰਬਲ ਦੇ ਰੁੱਖ ਦੀ ਉਦਾਹਰਨ ਦਿੰਦੇ ਹਨ, ਜੋ ਦੇਖਣ ਵਿਚ ਤਾਂ ਬਹੁਤ ਆਕਰਸ਼ਕ ਲੱਗਦਾ ਹੈ, ਪਰ ਅਸਲ ਵਿਚ ਸੁੱਕਾ ਅਤੇ ਫਿੱਕਾ ਹੁੰਦਾ ਹੈ। ਤੋਤਾ ਰਸ ਦੀ ਆਸ ਵਿਚ ਉਸ ਰੁੱਖ ਨੂੰ ਚੁੰਝਾਂ ਮਾਰਦਾ ਰਹਿੰਦਾ ਹੈ, ਪਰ ਅੰਤ ਵਿਚ ਭੁੱਖਾ ਹੀ ਰਹਿ ਜਾਂਦਾ ਹੈ। ਇਸ ਦ੍ਰਿਸ਼ਟਾਂਤ ਦੀ ਮੁੱਖ ਸੂਝ ਇਹ ਹੈ ਕਿ ਜੇ ਮਨੁੱਖ ਕੇਵਲ ਇੰਦ੍ਰੀਆਵੀ-ਸੁਖਾਂ ਲਈ ਹੀ ਜੀਵਨ ਬਿਤਾਉਂਦਾ ਹੈ, ਤਾਂ ਉਹ ਰੂਹਾਨੀ ਤੌਰ 'ਤੇ ਅਤ੍ਰਿਪਤ ਰਹਿ ਜਾਂਦਾ ਹੈ ਅਤੇ ਅੰਤ ਵਿਚ ਨਿਰਾਸ਼ਾ ਦਾ ਹੀ ਅਨੁਭਵ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **[OnenessInDiversity.com](OnenessInDiversity.com)**

ਈਮੇਲ: **onenessindiversityfoundation@gmail.com**